ਨਿਊਜ਼ ਰਿਲੀਜ਼

# ਐਲਬਰਟਾ ਦੇ ਬਾਲਗ ਸਿੱਖਿਅਕਾਂ ਨੂੰ ਸਫਲਤਾ ਵਾਸਤੇ ਤਿਆਰ ਕਰਨਾਂ

21 ਮਈ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਨਿਵਾਸੀ ਜਿੰਨ੍ਹਾਂ ਪਾਸ ਹਾਈ ਸਕੂਲ ਡਿਪਲੋਮਾਂ ਨਹੀਂ, ਜਲਦੀ ਹੀ ਇਕ ਨਵੇਂ ਬਾਲਗ ਸਿੱਖਿਆ ਕ੍ਰੈਡੈਂਸ਼ੀਅਲ ਵਾਸਤੇ ਰਜਿਸਟਰ ਹੋ ਸਕਦੇ ਹਨ।

ਸਿੱਖਿਆ ਖੇਤਰ ਦੇ ਇਕ ਭਰੋਸੇਯੋਗ ਲੀਡਰ ਹੋਣ ਦੇ ਨਾਤੇ ਐਲਬਰਟਾ ਸਰਕਾਰ ਨੂੰ ਹੁਨਰਮੰਦ ਅਤੇ ਪੜ੍ਹੀ ਲਿਖੀ ਵਰਕਫੋਰਸ ਦੀ ਮੰਗ ਪੂਰੀ ਕਰਨ 'ਚ ਮਦਦ ਕਰਨ ਵਾਸਤੇ ਜਨਰਲ ਐਜੂਕੇਸ਼ਨ ਡਿਵੈਲਪਮੈਂਟ (GED) ਕ੍ਰੈਡੈਂਸ਼ੀਅਲ ਦਾ ਬਦਲ ਵਿਕਸਤ ਕਰਨ ਲਈ ਅਗਵਾਈ ਦੇਣ ਵਾਸਤੇ ਚੁਣਿਆਂ ਗਿਆ ਸੀ। ਨਵੇਂ ਕੈਨੇਡੀਅਨ ਅਡਲਟ ਐਜੂਕੇਸ਼ਨ ਕ੍ਰਰੈਡੈਂਸ਼ੀਅਲ (CAEC) ਦੁਆਰਾ ਸੂਬੇ 'ਚ ਬਾਲਗ ਸਿੱਖਿਅਕ ਹਾਈ ਸਕੂਲ ਦੀ ਬਰਾਬਰੀ ਵਾਲੇ ਡਿਪਲੋਮੇ ਤੋਂ ਬਗੈਰ ਮੇਡ-ਇਨ-ਐਲਬਰਟਾ ਸਿੱਖਿਆ ਕ੍ਰੈਡੈਂਸ਼ੀਅਲ ਪੂਰਾ ਕਰਨ ਦੇ ਯੋਗ ਹੋ ਸਕਣਗੇ। ਇਹ ਕ੍ਰੈਡੈਂਸ਼ੀਅਲ ਕਰੀਅਰ ਅਤੇ ਸਿੱਖਿਆ ਦੇ ਹੋਰ ਵਧੇਰੇ ਮੌਕਿਆਂ ਵਾਸਤੇ ਰਾਹ ਖੋਲ੍ਹਣਗੇ।

"ਐਲਬਰਟਾ ਸਿੱਖਿਆ ਉੱਤਮਤਾ 'ਚ ਇਕ ਭਰੋਸੇਯੋਗ ਲੀਡਰ ਹੈ ਜਿਸ ਨੂੰ ਕੈਨੇਡਾ ਭਰ ਦੇ ਸਿੱਖਿਆ ਖੇਤਰ ਦੇ ਲੀਡਰਾਂ ਵੱਲੋਂ ਕੈਨੇਡੀਅਨ ਅਡਲਟ ਐਜੂਕੇਸ਼ਨ ਕ੍ਰੈਡੈਂਸ਼ੀਅਲ ਵਿਕਸਤ ਕਰਨ ਅਤੇ ਚਲਾਉਣ ਵਾਸਤੇ ਚੁਣਿਆ ਗਿਆ। ਅਸੀਂ ਜੋ ਬਣਾਇਆ ਉਸ 'ਤੇ ਮੈਨੂੰ ਮਾਣ ਹੈ ਅਤੇ ਇਸ 'ਤੇ ਮਾਣ ਹੈ ਕਿ ਜਦ ਅਸੀਂ ਸੂਬੇ ਭਰ 'ਚ ਬਾਲਗ ਸਿੱਖਿਅਕਾਂ ਨੂੰ ਸਮਰੱਥ ਬਣਾ ਰਹੇ ਹੋਵਾਂਗੇ, ਅਸੀਂ ਸਿੱਖਿਆ ਖੇਤਰ 'ਚ ਉੱਤਮਤਾ ਅਤੇ ਵਿਕਲਪ ਪੇਸ਼ ਕਰਨਾਂ ਜਾਰੀ ਰੱਖ ਸਕਦੇ ਹੋਵਾਂਗੇ।"

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

"ਕੈਨੇਡੀਅਨ ਅਡਲਟ ਐਜੂਕੇਸ਼ਨ ਕ੍ਰੈਡੈਂਸ਼ੀਅਲ ਬਾਲਗ ਸਿੱਖਿਅਕਾਂ ਨੂੰ ਇਕ ਵਿਦਿਅਕ ਮੀਲ-ਪੱਥਰ ਪ੍ਰਾਪਤ ਕਰਨ ਦੀ ਆਗਿਆ ਦੇਵੇਗਾ, ਜਿਹੜਾ ਨਵੇਂ ਮੌਕਿਆਂ ਲਈ ਰਾਹ ਖੋਲ੍ਹੇਗਾ। ਇਹ ਪੋਸਟ ਸੈਕੰਡਰੀ ਸੰਸਥਾਵਾਂ ਕੋਲ ਇਕ ਅਜਿਹਾ ਮਾਨਤਾਯੋਗ ਕ੍ਰੈਡੈਂਸ਼ੀਅਲ ਵੀ ਪੇਸ਼ ਕਰੇਗਾ ਜਿਸ ਉਪਰ ਉਹ ਨਿਰਭਰ ਕਰ ਸਕਦੀਆਂ ਹਨ, ਤੇ ਸਿੱਖਿਅਕਾਂ ਨੂੰ ਉਚੇਰੀ ਸਿੱਖਿਆ ਲਈ ਸੌਖਿਆਂ ਹੀ ਅਰਜ਼ੀ ਦੇ ਸਕਣ ਦੀ ਆਗਿਆ ਦੇ ਸਕਣਗੀਆਂ ਅਤੇ ਇਹ ਇਸ ਗੱਲ ਨੂੰ ਵੀ ਯਕੀਨੀ ਬਣਾਵੇਗਾ ਕਿ ਸਿੱਖਿਆ ਸਾਰੇ ਐਲਬਰਟਾ ਨਿਵਾਸੀਆਂ ਲਈ ਪਹੁੰਚਯੋਗ ਹੈ।"

*Rajan Sawhney, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ*

ਜੀ ਈ ਡੀ ਦਾ ਸੀ ਏ ਈ ਸੀ ਨਾਲ ਵਿਸਥਾਪਨ ਐਲਬਰਟਾ ਦੇ ਸਿੱਖਿਆ ਪ੍ਰਬੰਧ ਅਤੇ ਵਰਕਫੋਰਸ ਨੂੰ ਇਹ ਯਕੀਨੀ ਬਣਾਉਣ ਦੁਆਰਾ ਮਜ਼ਬੂਤ ਕਰੇਗਾ ਕਿ ਸਿੱਖਿਆ ਸਮੱਗਰੀ, ਸਮੇਤ ਉਸ ਸਮੱਗਰੀ ਦੇ ਜਿਹੜੀ ਇੰਡਿਜਨਸ, ਫਰੈਂਕੋਫੋਨ ਅਤੇ ਬਹੁਸੱਭਿਆਚਾਰਕ ਕਮਿਊਨਿਟੀਆਂ ਲਈ ਪ੍ਰਸੰਗਿਕ ਹੈ, ਸਹੀ ਰੂਪ 'ਚ ਕੈਨੇਡਾ ਦੇ ਬਾਲਗਾਂ, ਵਿਭਿੰਨ ਸੱਭਿਆਚਾਰਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਪ੍ਰਗਟਾਉਂਦੀ ਹੈ। ਇਹ ਤਬਦੀਲੀਆਂ ਟੈਸਟ ਲੈਣ ਵਾਲਿਆਂ, ਐਂਪਲਾਇਰਾਂ, ਪੋਸਟ-ਸੈਕੰਡਰੀ ਸੰਸਥਾਵਾਂ ਅਤੇ ਹੋਰਨਾਂ ਨੂੰ ਵਿਸ਼ਵਾਸ਼ ਦਿਵਾਉਣਗੀਆਂ ਕਿ ਸੀ ਏ ਈ ਸੀ ਕਿਸੇ ਕੈਨੇਡੀਅਨ ਬਾਲਗ ਦੇ ਸਿੱਖਿਆ ਪ੍ਰਾਪਤੀ ਦੇ ਲੈਵਲ ਦਾ ਭਰੋਸੇਯੋਗ ਸੂਚਕ ਹੈ।

"ਕੈਨੇਡੀਅਨ ਅਡਲਟ ਐਜੂਕੇਸ਼ਨ ਕ੍ਰੈਡੈਂਸ਼ੀਅਲ ਕਈ ਸਾਰੇ ਬਾਲਗ ਸਿੱਖਿਅਕਾਂ ਲਈ ਕਮਿਊਨਿਟੀ ਕਾਲਜਾਂ ਵਿਚਲੇ ਵਿਭਿੰਨ ਪ੍ਰੋਗਰਾਮਾਂ ਤੱਕ ਵਧੇਰੀ ਪਹੁੰਚ ਪੈਦਾ ਕਰੇਗਾ, ਜਿਸ ਨਾਲ ਐਲਬਰਟਾ ਦੀ ਪ੍ਰਫੁਲਤ ਹੋ ਰਹੀ ਆਰਥਿਕਤਾ ਹੋਰ ਅਗਾਂਹ ਵਧੇਗੀ।"

*Maroro Zinymeba, ਡੀਨ ਫੈਕਲਟੀ ਆਫ ਸਕਿੱਲਜ਼ ਐਂਡ ਫਾਊਂਡੇਸ਼ਨਲ ਲਰਨਿੰਗ, ਨੌਰਕੁਐਸਟ ਕਾਲਜ*

ਸੀ ਏ ਈ ਸੀ ਅੱਠ ਸੂਬਿਆਂ ਅਤੇ ਟੈਰੀਟਰੀਆਂ ਨਾਲ ਸਹਿਯੋਗ ਸਹਿਤ ਤਿਆਰ ਕੀਤਾ ਗਿਆ, ਜਿੰਨ੍ਹਾਂ ਨੇ ਐਲਬਰਟਾ ਦੀ ਮੁਲਾਂਕਣ ਟੈਸਟ, ਜਿਵੇਂ ਪ੍ਰੋਵੈਂਸ਼ੀਅਲ ਅਚੀਵਮੈਂਟ ਟੈਸਟਸ ਐਂਡ ਡਿਪਲੋਮਾਂ ਐਕਸਾਮਜ਼, ਤਿਆਰ ਕਰਨ ਤੇ ਚਲਾਉਣ ਦੀ ਮੁਹਾਰਤ ਦੇ ਆਧਾਰ 'ਤੇ ਐਲਬਰਟਾ ਸਰਕਾਰ ਨੂੰ ਅਗਵਾਈ ਕਰਨ ਵਾਸਤੇ ਚੁਣਿਆ। ਐਲਬਰਟਾ ਨੈਸ਼ਨਲ ਸੀ ਏ ਈ ਸੀ ਟੈਸਟਿੰਗ ਸਰਵਿਸ ਦਾ ਘਰ ਹੋਵੇਗਾ ਅਤੇ ਟੈਸਟਾਂ ਦੇ ਸੰਚਾਲਨ ਅਤੇ ਡਿਲਿਵਰੀ ਦੀ ਨਿਗਰਾਨੀ ਕਰੇਗਾ। ਐਲਬਰਟਾ ਨਿਵਾਸੀ ਸੀ ਏ ਈ ਸੀ ਵਾਸਤੇ 22 ਮਈ 2024 ਤੋਂ ਸ਼ੁਰੂ ਕਰਕੇ ਰਜਿਸਟਰ ਹੋ ਸਕਦੇ ਹਨ।

## ਫੌਰੀ ਤੱਥ

- ਸੈਸਕੈਚਵਾਨ, ਮੈਨੀਟੋਬਾ, ਨੋਵਾ ਸਕੋਸ਼ੀਆ, ਨਿਊ ਬ੍ਰੰਸਵਿਕ, ਨਿਊਫਾਊਂਡਲੈਂਡ ਅਤੇ ਲੈਬਰਾਡੋਰ, ਪ੍ਰਿੰਸ ਐਡਰਵਡ ਆਈਲੈਂਡ ਅਤੇ ਨਾਰਥਵੈਸਟ ਟੈਰੀਟਰੀਆਂ ਨੇ ਸੀ ਏ ਈ ਸੀ ਤਿਆਰ ਕਰਨ 'ਚ ਮਦਦ ਕੀਤੀ।
- ਸੀ ਏ ਈ ਸੀ ਪੰਜ ਵਿਸ਼ਿਆਂ ਦੇ ਟੈਸਟਾਂ ਦਾ ਬਣਿਆ ਹੈ: ਪੜਨਾਂ, ਲਿਖਣਾ, ਮੈਥੇਮੈਟਿਕਸ, ਸਾਇੰਸ ਅਤੇ ਸੋਸ਼ਲ ਸਟੱਡੀਜ਼।
- ਟੈਸਟ ਕੰਪਿਊਟਰ-ਆਧਾਰਿਤ ਹੋਵੇਗਾ, ਨਾਲ ਹੀ ਪੇਪਰ 'ਤੇ ਲਿਖਣ ਦੇ ਵਿਕਲਪ ਅਤੇ ਵਿੱਭਿੰਨ ਪ੍ਰਕਾਰ ਦੀਆਂ ਸਿੱਖਿਆ ਜ਼ਰੂਰਤਾਂ ਨੂੰ ਮਦਦ ਦੇਣ ਲਈ ਹੋਰ ਪ੍ਰਬੰਧ ਉਪਲਬਧ ਹੋਣਗੇ।
- ਸਾਰੇ ਟੈਸਟ ਅੰਗਰੇਜ਼ੀ ਅਤੇ ਫਰੈਂਚ ਵਿਚ ਉਪਲਬਧ ਹੋਣਗੇ।
- ਜਿੰਨ੍ਹਾਂ ਐਲਬਰਟਾ ਵਾਸੀਆਂ ਨੇ ਆਪਣੇ ਜੀ ਈ ਡੀ ਟੈਸਟ ਪੂਰੇ ਨਹੀਂ ਕੀਤੇ, ਉਹ ਉਨ੍ਹਾਂ ਹੀ ਵਿਸ਼ਿਆਂ ਦੇ ਤਿੰਨ ਸਾਲਾਂ, ਮਈ 2027 ਤੱਕ, ਆਪਣੇ ਨਤੀਜੇ/ਨੰਬਰ ਸੀ ਏ ਈ ਸੀ ਟੈਸਟਾਂ ਵੱਲ ਗਿਣੇ ਜਾਣ ਲਈ ਅਰਜ਼ੀਆਂ ਦੇ ਸਕਦੇ ਹਨ।
- ਜੀ ਈ ਡੀ ਇਕ ਯੋਗ ਕ੍ਰੈਡੈਂਸ਼ੀਅਲ ਵਜੋਂ ਮੰਨਿਆਂ ਜਾਣਾ ਜਾਰੀ ਰੱਖੇਗਾ।

## ਸਬੰਧਤ ਜਾਣਕਾਰੀ

- ਕੈਨੇਡੀਅਨ ਅਡਲਟ ਐਜੂਕੇਸ਼ਨ ਕ੍ਰੈਡੈਂਸ਼ੀਅਲ

- ਇਕੁਆਲੈਂਸੀ ਡਿਪਲੋਮਾਂ ਆਪਸ਼ਨਜ਼
- ਜਨਰਲ ਐਜੂਕੇਸ਼ਨ ਡਿਵੈਲਪਮੈਂਟ

## ਮੀਡੀਆ ਇੰਨਕੁਆਰੀਆਂ


**Kevin Lee**

587-785-4366
ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ | Attaché de presse, Education